**<u>ਸਾਲ 2016 ਦੌਰਾਨ ਬਦਲੀਆਂ ਲਈ ਆਨਲਾਈਨ ਅਪਲਾਈ ਕਰਨ ਸਬੰਧੀ ਦਿਸ਼ਾਨਿਰਦੇਸ਼।</u>**

ਸਿੱਖਿਆ ਵਿਭਾਗ ਦੇ ਹਰ ਇੱਕ ਅਧਿਕਾਰੀ / ਕਰਮਚਾਰੀ / ਅਧਿਆਪਕ ਨੂੰ ਮੁੱਖ ਦਫਤਰ ਵਲੋਂ username ਅਤੇ password ਮੁਹਈਆ ਕਰਵਾਇਆ ਗਿਆ ਹੈ। transfers.ssapunjab.org ਵੈਬਸਾਈਟ ਉੱਤੇ ਜਾ ਕੇ ਇਸ username ਅਤੇ password ਦੀ ਮਦਦ ਨਾਲ ਬਦਲੀ ਦੀ ਅਰਜੀ ਆਨਲਾਈਨ ਭਰੀ ਜਾ ਸਕਦੀ ਹੈ। ਲਾਗਇਨ ਕਰਨ ਲਈ username ਅਤੇ password ਤੋਂ ਇਲਾਵਾ ਜਨਮ ਦੀ ਮਿਤੀ ਭਰਨੀ ਵੀ ਲਾਜਮੀ ਹੈ। username ਅਤੇ password ਨਾ ਮਿਲਣ ਜਾਂ ਭੁੱਲ ਜਾਣ ਦੀ ਸੂਰਤ ਵਿਚ ਮੁੱਖ ਦਫਤਰ ਦੀ ਐਮ.ਆਈ.ਐਸ. ਸ਼ਾਖਾ ਨਾਲ ਫੋਨ ਨੰਬਰ 0172-5212332 ਜਾਂ 5212318 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।

**<u>ਆਮ ਬਦਲੀਆਂ (General Transfers)</u>**

ਆਮ ਬਦਲੀਆਂ ਲਈ ਆਪ ਦੇ ਲਾਗਇਲ ਅਕਾਉਂਟ ਵਿਚ ਦਿੱਤੇ menu "Apply General Transfer" ਉੱਤੇ ਕਲਿਕ ਕੀਤਾ ਜਾਵੇ ਅਤੇ ਇਸ ਪ੍ਰਫਾਰਮੇਂ ਵਿਚ ਆਪ ਆਪਣੀ choice ਦੇ ਪੰਜ ਸਟੇਸ਼ਨ ਭਰ ਸਕਦੇ ਹੋ।

**<u>ਆਪਸੀ ਬਦਲੀਆਂ (Mututal Transfers)</u>**

ਆਪਸੀ ਬਦਲੀਆਂ ਲਈ ਆਪ ਦੇ ਲਾਗਇਲ ਅਕਾਉਂਟ ਵਿਚ ਦਿੱਤੇ menu "Apply Mututal Transfer" ਉੱਤੇ ਕਲਿਕ ਕੀਤਾ ਜਾਵੇ। ਜੇਕਰ ਦੋ ਅਧਿਕਾਰੀ ਆਪਸ ਵਿਚ ਬਦਲੀ ਕਰਵਾਉਣੀ ਚਾਹੁੰਦੇ ਹਨ ਤਾਂ :-

Source School Staff ਵਾਲੇ ਖਾਨੇ ਵਿਚ ਪਹਿਲੇ ਅਧਿਆਪਕ ਦਾ Login ID and password ਅਤੇ Destination School Staff ਵਾਲੇ ਖਾਨੇ ਵਿਚ ਦੂਜੇ ਅਧਿਆਪਕ ਦਾ Login ID and password ਭਰਿਆ ਜਾਵੇ। ਇਸ ਤੋਂ ਭਾਵ ਪਹਿਲਾਂ ਅਧਿਕਾਰੀ ਦੂਜੇ ਅਧਿਕਾਰੀ ਨਾਲ ਬਦਲੀ ਕਰਵਾਉਣਾ ਚਾਹੁੰਦਾ ਹੈ।

ਇਸੀ ਤਰਾਂ ਹੁਣ Source School Staff ਵਾਲੇ ਖਾਨੇ ਵਿਚ ਦੂਜੇ ਅਧਿਆਪਕ ਦਾ Login ID and password ਅਤੇ Destination School Staff ਵਾਲੇ ਖਾਨੇ ਵਿਚ ਪਹਿਲੇ ਅਧਿਆਪਕ ਦਾ Login ID and password ਭਰਿਆ ਜਾਵੇ। ਇਸ ਤੋਂ ਭਾਵ ਦੂਜਾ ਅਧਿਕਾਰੀ ਪਹਿਲੇ ਅਧਿਕਾਰੀ ਨਾਲ ਬਦਲੀ ਕਰਵਾਉਣਾ ਚਾਹੁੰਦਾ ਹੈ।

---

ਆਪਸੀ ਬਦਲੀ ਲਈ ਹਰ ਅਧਿਕਾਰੀ (ਜੋ ਆਪਸੀ ਬਦਲੀ ਕਰਵਾਉਣਾ ਚਹੁੰਦੇ ਹਨ) ਦੀ ਸਹਿਮਤੀ ਲਈ ਉਸ ਅਧਿਕਾਰੀ ਦਾ Login ID and password ਪਾਉਣਾ ਜ਼ਰੂਰੀ ਹੈ।

ਜੇਕਰ ਤਿੰਨ ਅਧਿਕਾਰੀ (A, B, C) ਆਪਸੀ ਬਦਲੀ ਕਰਵਾਉਣੀ ਚਾਹੁੰਦੇ ਹਨ ਤਾਂ ਆਪਸੀ ਬਦਲੀ ਦਾ ਟੇਬਲ ਇਸ ਪ੍ਰਕਾਰ ਬਣੇਗਾ :-

| Staff Name | From | To |
|---|---|---|
| Staff-A | School-1 | School-2 (Staff-B) |
| Staff-B | School-2 | School-3 (Staff-C) |
| Staff-C | School-3 | School-1 (Staff-A) |

**ਜ਼ਰੂਰੀ ਨੋਟ :** *ਜੋ ਵੀ ਅਧਿਕਾਰੀ ਆਪਸੀ ਬਦਲੀ ਲਈ ਅਪਲਾਈ ਕਰ ਰਿਹਾ ਹੈ ਉਸ ਕੋਲ ਬਾਕੀ ਅਧਿਕਾਰੀਆਂ (ਜਿਨ੍ਹਾਂ ਨਾਲ ਆਪਸੀ ਬਦਲੀ ਕਰਵਾਈ ਜਾ ਰਹੀ ਹੈ) ਦੇ Login ID and password ਹੋਣੇ ਜ਼ਰੂਰੀ ਹਨ।*